Australian Government

TAX CUTS / 1 JULY 2024

# ਹਰੇਕ ਟੈਕਸਦਾਤਾ ਲਈ ਟੈਕਸ ਕਟੌਤੀਆਂ



**ਪੂਰੇ ਆਸਟ੍ਰੇਲੀਆ ਵਿੱਚ, ਲੋਕ ਮਹਿੰਗਾਈ ਦੀ ਮਾਰ ਦਾ ਸਾਹਮਣਾ ਕਰ ਰਹੇ ਹਨ। ਇਸ ਲਈ ਆਸਟ੍ਰੇਲੀਆਈ ਸਰਕਾਰ ਨੇ ਨਿੱਜੀ ਆਮਦਨ ਟੈਕਸ ਦਰਾਂ ਅਤੇ ਸ਼੍ਰੇਣੀਆਂ (ਥ੍ਰੈਸ਼ਹੋਲਡ) ਵਿੱਚ ਬਦਲਾਅ ਕੀਤੇ ਹਨ। 1 ਜੁਲਾਈ 2024 ਤੋਂ, ਹਰ ਆਸਟ੍ਰੇਲੀਆਈ ਟੈਕਸਦਾਤਾ ਨੂੰ ਟੈਕਸ ਕਟੌਤੀ ਮਿਲੇਗੀ।**

## ਟੈਕਸ ਕਟੌਤੀਆਂ ਕੀ ਹਨ?

ਟੈਕਸ ਕਟੌਤੀਆਂ ਤੁਹਾਡੇ ਦੁਆਰਾ ਅਦਾ ਕੀਤੇ ਜਾਣ ਵਾਲੇ ਆਮਦਨ ਟੈਕਸ ਨੂੰ ਘਟਾਉਂਦੀਆਂ ਹਨ।

## ਤੁਹਾਡੇ ਲਈ ਟੈਕਸ ਕਟੌਤੀਆਂ ਦਾ ਕੀ ਅਰਥ ਹੈ?

ਬਹੁਤ ਸਾਰੇ ਟੈਕਸਦਾਤਾਵਾਂ ਲਈ, ਇਸਦਾ ਮਤਲਬ ਹੈ ਕਿ ਤੁਸੀਂ ਹਰ ਤਨਖ਼ਾਹ ਵਾਲੇ ਦਿਨ ਘੱਟ ਟੈਕਸ ਦਾ ਭੁਗਤਾਨ ਕਰੋਗੇ ਅਤੇ ਤੁਸੀਂ ਜੋ ਕਮਾਉਂਦੇ ਹੋ ਉਸ ਵਿੱਚੋਂ ਵੱਧ ਹਿੱਸਾ ਰੱਖੋਗੇ। ਬਾਕੀਆਂ ਲਈ, 2024-25 ਵਿੱਤੀ ਸਾਲ ਦੇ ਅੰਤ ਤੋਂ ਬਾਅਦ ਜਦੋਂ ਤੁਹਾਡੀ ਟੈਕਸ ਰਿਟਰਨ ਦਾਇਰ ਕੀਤੀ ਜਾਵੇਗੀ ਅਤੇ ਹਿਸਾਬ ਲਗਾਇਆ ਜਾਵੇਗਾ ਤਾਂ ਤੁਹਾਨੂੰ ਇਹ ਟੈਕਸ ਕਟੌਤੀ ਮਿਲੇਗੀ।

ਤੁਸੀਂ taxcuts.gov.au/punjabi ‘ਤੇ ਜਾ ਕੇ ਟੈਕਸ ਕਟੌਤੀ ਕੈਲਕੁਲੇਟਰ ਦੀ ਵਰਤੋਂ ਕਰਕੇ ਆਪਣੀ ਸਾਲਾਨਾ ਟੈਕਸ ਕਟੌਤੀ ਦਾ ਅੰਦਾਜ਼ਾ ਲਗਾ ਸਕਦੇ ਹੋ।

## ਜੇ ਮੇਰੇ ਕੋਲ ਕਾਰੋਬਾਰ ਹੈ ਤਾਂ ਕੀ ਹੋਵੇਗਾ?

ਜੇਕਰ ਤੁਸੀਂ ਕੋਈ ਅਜਿਹਾ ਕਾਰੋਬਾਰ ਚਲਾਉਂਦੇ ਹੋ ਜੋ ਲੋਕਾਂ ਨੂੰ ਰੁਜ਼ਗਾਰ ਦਿੰਦਾ ਹੈ, ਤਾਂ ਤੁਹਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੋਵੇਗੀ ਕਿ ਤੁਸੀਂ ਹਰ ਤਨਖ਼ਾਹ ਵਾਲੇ ਦਿਨ ਆਪਣੇ ਕਰਮਚਾਰੀ ਦੀ ਤਨਖ਼ਾਹ ਵਿੱਚੋਂ ‘ਪੇ ਐਜ਼ ਯੂ ਗੋ’ (PAYG) ਦੀ ਸਹੀ ਰਕਮ ਨੂੰ ਰੋਕ ਕੇ ਰੱਖ ਰਹੇ ਹੋ।

ਅਜਿਹਾ ਕਰਨ ਦਾ ਸਭ ਤੋਂ ਆਸਾਨ ਤਰੀਕਾ ਇਹ ਹੈ ਕਿ ਤੁਹਾਡਾ ਪੇਅਰੋਲ ਸਾਫ਼ਟਵੇਅਰ 1 ਜੁਲਾਈ 2024 ਤੋਂ ਨਵੀਆਂ ਟੈਕਸ ਰੋਕ ਕੇ ਰੱਖਣ ਦੀਆਂ ਦਰਾਂ ਦੀ ਵਰਤੋਂ ਕਰ ਰਿਹਾ ਹੈ। ਜੇਕਰ ਤੁਸੀਂ ਪੇਅਰੋਲ ਸਾਫ਼ਟਵੇਅਰ ਦੀ ਵਰਤੋਂ ਨਹੀਂ ਕਰਦੇ ਹੋ, ਤਾਂ ਤੁਸੀਂ ਇਹ ਵੀ ਜਾਂਚ ਕਰ ਸਕਦੇ ਹੋ ਕਿ ਤੁਸੀਂ ਸਹੀ PAYG ਟੈਕਸ ਰੋਕ ਕੇ ਰੱਖਣ ਵਾਲੀ ਟੈਕਸ ਸੂਚੀ ਦੀ ਵਰਤੋਂ ਕਰ ਰਹੇ ਹੋ।

**ਆਪਣੀ ਤਰਜੀਹੀ ਭਾਸ਼ਾ ਵਿੱਚ ਹੋਰ ਜਾਣਕਾਰੀ ਲੱਭਣ ਲਈ ਹੇਠਾਂ ਦਿੱਤੇ QR ਕੋਡ ਨੂੰ ਸਕੈਨ ਕਰੋ।**

**ਕਈ ਭਾਸ਼ਾਵਾਂ ਵਿੱਚ ਜਾਣਕਾਰੀ**

taxcuts.gov.au/punjabi ‘ਤੇ ਆਪਣੀ ਟੈਕਸ ਕਟੌਤੀ ਦੀ ਗਣਨਾ ਕਰੋ